wjot Kaur

## ਸੂਫ਼ੀ ਕਵਿਤਾ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ

ਸੂਫ਼ੀ ਕਾਵਿ ਧਾਰਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪ੍ਰਾਚੀਨ ਧਾਰਾ ਹੋਣ ਦਾ ਮਾਣ ਪ੍ਰਾਪਤ ਹੈ। ਭਾਵੇਂ ਇਹ ਵਿਚਾਰਧਾਰਾ ਨਿਰੋਲ ਭਾਰਤੀ ਮਿੱਟੀ ਦੀ ਸੁਗੰਧ ਹੈ ਜੋ ਲੋਕ ਮਨ ਵਿਚ ਇਕ ਧਾਰਾ ਨੂੰ ਸਥਾਨ ਦਿਵਾ ਕੇ ਇਸ ਦੀ ਲੋਕ ਪ੍ਰਿਯਤਾ ਦਾ ਕਾਰਨ ਬਣਦੀ ਹੈ।

ਸੂਫ਼ੀ ਕਵਿਤਾ ਰੱਬੀ ਪਿਆਰ ਵਿਚ ਰੰਗੇ ਦਰਵੇਸ਼ਾਂ ਦੀ ਅਨੁਭੂਤੀ ਦੇਣ ਹੈ, ਜਿਨ੍ਹਾਂ ਨੇ ਆਪਣੇ ਰੂਹਾਨੀ ਤਜ਼ਰਬਿਆਂ ਦੀ ਅਨੁਭੂਤੀ ਵਿਚਾਰਧਾਰਾ ਤੇ ਅਧਾਰਿਤ ਅਤੇ ਆਪਣੇ ਅਧਿਆਤਮਕ ਸਿਧਾਂਤਾਂ ਦੀ ਅਭਿਵਿਅਕਤੀ ਆਪਣੀ ਕਵਿਤਾਵਾਂ ਵਿਚ ਕੀਤੀ। ਸੂਫ਼ੀ ਕਾਵਿ ਧਾਰਾ ਜਾਂ ਕਵਿਤਾ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ ਬਾਰੇ ਜਾਣਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਸੂਫ਼ੀ ਸ਼ਬਦ ਕਿਸ ਤਰ੍ਹਾਂ ਬਣਿਆ।

ਸੂਫ਼ੀ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ। ਇਹ ਸ਼ਬਦ 'ਸੂਫ਼' ਤੋਂ ਬਣਿਆ ਹੈ। ਜਿਸਦਾ ਅਰਥ ਹੈ 'ਕਾਲਾ ਕੱਪੜਾ'।

ਪਹਿਲੇ ਇਸਲਾਮੀ ਫ਼ਕੀਰ ਤੇ ਦਰਵੇਸ਼ ਕਾਲੀ ਉੱਨ ਦੇ ਕੱਪੜੇ ਪਹਿਨਦੇ ਸਨ। ਉਹ ਸੂਫ਼ੀਆਂ ਦੀ ਧਾਰਮਿਕ ਸਾਦਗੀ ਦਾ ਚਿੰਨ੍ਹ ਸੀ। ਇਸ ਨੂੰ ਹੰਢਾਉਣ ਵਾਲਿਆਂ ਦਾ ਨਾਂ ਸੂਫ਼ੀ ਪੈ ਗਿਆ।
ਸੰਦੀਪ ਕੌਰ ਅਨੁਸਾਰ,

> ਸੂਫ਼ ਦੇ ਕੱਪੜੇ ਪਹਿਨਣਾ ਅਤੇ ਰੱਬ ਨੂੰ ਯਾਦ ਰੱਖਣਾ, ਇਹ ਸੂਫ਼ੀਆਂ ਦੀ ਮੁੱਖ ਵਿਸ਼ੇਸ਼ਤਾ ਹੈ ਜਿਸ ਦੇ ਆਧਾਰ ਤੇ ਉਨ੍ਹਾਂ ਨੂੰ ਸੂਫ਼ੀ ਕਿਹਾ ਜਾਂਦਾ ਹੈ।"

ਸੂਫ਼ੀ ਕਵਿਤਾ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ :-

ਸੂਫ਼ੀ ਕਵਿਤਾ ਦੀਆਂ ਕਲਾਤਮਿਕ ਵਿਸ਼ੇਸ਼ਤਾਵਾਂ ਵਿੱਚ ਇਸਦਾ ਕਾਵਿ ਰੂਪ, ਛੰਦ ਪ੍ਰਬੰਧ, ਅਲੰਕਾਰ, ਸ਼ੈਲੀ, ਭਾਸ਼ਾ, ਰਸ, ਪ੍ਰਤੀਕ, ਹਵਾਲੇ ਆਦਿ ਸ਼ਾਮਿਲ ਹੁੰਦੇ ਹਨ। ਇਹਨਾਂ ਦੇ ਆਧਾਰ ਤੇ ਹੀ ਸੂਫ਼ੀ ਕਵਿਤਾ ਦੀਆਂ ਕਲਾਤਮਿਕ ਵਿਸ਼ੇਸ਼ਤਾ ਦਾ ਪਤਾ ਲਗਦਾ ਹੈ।

(ੳ) ਕਾਵਿ ਰੂਪ: ਪੰਜਾਬੀ ਸੂਫ਼ੀ ਕਵਿਤਾ ਰੂਪਕ ਪੱਖ ਤੋਂ ਬਹੁਤ ਅਮੀਰ ਹੈ। ਸੂਫ਼ੀ ਕਵੀਆਂ ਨੇ ਆਪਣੇ ਦਿਲ ਦੇ ਜਜ਼ਬਿਆਂ ਤੇ ਵਲਵਲਿਆਂ ਦਾ ਪ੍ਰਗਟਾ ਕਾਫੀਆਂ, ਦੋਹੜੇ, ਗੰਢਾਂ, ਸੀਹਰਫੀਆਂ, ਬਾਰਾਮਾਹ, ਅਠਵਾਰੇ, ਸਤਵਾਰੇ ਰਾਹੀਂ ਕੀਤਾ ਹੈ। ਬਾਬਾ ਫਰੀਦ ਜੀ ਨੇ 112 ਸ਼ਲੋਕ ਲਿਖੇ ਤੇ 4 ਸ਼ਬਦ (2 ਰਾਗ ਆਸਾ ਤੇ 2 ਰਾਗ ਸੂਹੀ) ਵਿਚ ਲਿਖੇ।

ਸਲੋਕ: ਫਰੀਦਾ ਗਲੀਏ ਚਿੱਕੜ ਦੂਰਿ ਘਰ, ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ॥

ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਗੁਲਾਮ ਫਰੀਦ, ਅਲੀ ਹੈਦਰ, ਆਦਿ ਨੇ ਕਈ ਕਾਵਿ ਰੂਪਾਂ ਦੀ ਵਰਤੋਂ ਕਰਕੇ ਸੂਫ਼ੀ ਕਾਵਿ ਧਾਰਾ ਨੂੰ ਪ੍ਰਫੁੱਲਤ ਕੀਤਾ।

ਕਾਫ਼ੀ: ਨੀ ਮਾਏ, ਮੈਨੂੰ ਖੇੜਿਆ ਦੀ ਗੱਲ ਨਾ ਆਖ।
ਰਾਂਝਣ ਮੈਂਡਾ, ਮੈਂ ਰਾਂਝਣ ਦੀ ਖੇੜਿਆ ਨੂੰ ਕੂੜੀ ਝਾਕ।

ਫਰੀਦ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ। ਬੁੱਲ੍ਹੇ ਸ਼ਾਹ ਨੇ ਵੀ 156 ਕਾਫੀਆਂ, ਬਾਰਾਂਮਾਹ, 1 ਅਠਵਾਰਾ, 49 ਦੋਹੜੇ, 40 ਗੰਢਾਂ 3 ਸੀਹਰਫ਼ੀਆਂ ਲਿਖੀਆਂ ਹਨ।

9) **ਛੰਦ ਪ੍ਰਬੰਧ:** ਸੂਫੀਆਂ ਨੇ ਮੁੱਖ ਤੌਰ ਤੇ ਲੋਕ ਛੰਦਾਂ ਨੂੰ ਆਪਣੀ ਰਚਨਾ ਦਾ ਅਧਾਰ ਬਣਾਇਆ। ਸ਼ੇਖ ਫਰੀਦ ਜੀ ਨੇ ਜੋਗੀਆਂ ਦੇ ਪ੍ਰਚੱਲਿਤ ਦੋਹੜੇ ਨੂੰ ਆਪਣੇ ਸਲੋਕਾਂ ਵਿਚ ਵਰਤਿਆ ਤੇ ਕਿਤੇ-ਕਿਤੇ ਤੁਕਾਂਤ ਵਿਚਲੇ ਮਿਲਾਪ ਕਰਕੇ ਸੋਰਠਾ ਦਾ ਰੂਪ ਵੀ ਲੈ ਗਿਆ ਹੈ।

**ਦੋਹਰਾ ਛੰਦ:**

ਅਜ ਨ ਸੁੱਤੀ ਕੰਤ ਸਿਉ, ਅੰਗ ਮੁੜੇ ਮੁੜਿ ਜਾਏ॥
ਜਾਇ ਪੁਛਹੁ ਡੋਹਾਗਣੀ, ਤੁਮ ਕਿਉ ਰੈਣਿ ਵਿਹਾਇ।

**ਸੋਰਠਾ ਛੰਦ:**

ਇਕੁ ਫਿਕਾ ਨ ਗਾਲਾਇ ਸਭਨਾ ਮੈਂ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।

→ ਸ਼ਾਹ ਹੁਸੈਨ ਦੀ ਕਵਿਤਾ ਵਿਚਲੀ ਛੰਦ ਬੰਦੀ ਤੇ ਛੰਦ ਪ੍ਰਬੰਧ ਬਾਰੇ ਵਿਦਵਾਨਾਂ ਵਿਚ ਕਈ ਭੇਦ ਹਨ। ਉਸ ਦੀ ਰਚਨਾ ਕਾਫੀਆਂ ਤੇ ਸ਼ਲੋਕਾਂ ਵਿਚ ਮਿਲਦੀ ਹੈ। ਕਾਫੀ ਨੂੰ ਕੁਝ ਵਿਦਵਾਨਾਂ ਨੇ ਛੰਦ ਭੇਦ ਮੰਨਿਆ ਹੈ ਕੁਝ ਨੇ ਕਾਵਿ ਰੂਪ ਤੇ ਕੁਝ ਨੇ ਰਾਗਣੀ।

**ਪ੍ਰੋ. ਤੇਜਾ ਸਿੰਘ ਅਨੁਸਾਰ,**

> "ਕਾਫੀ ਦਾ ਅਰਥ ਹੈ ਵਾਰ ਵਾਰ ਆਉਣਾ ਦੱਸਿਆ ਹੈ ਤੇ ਇਸ ਨੂੰ ਰਾਗ ਜਾਂ ਛੰਦ ਵਿਧਾਨ ਦਾ ਭੇਦ ਨਹੀਂ ਮੰਨਿਆ।"

ਸੁਲਤਾਨ ਬਾਹੂ ਅਤੇ ਬੁੱਲੇ ਸ਼ਾਹ ਦੋਹਾਂ ਨੇ ਹੀ ਲੋਕ ਛੰਦਾਂ ਵਿਚ ਆਪਣੀ ਕਵਿਤਾ ਲਿਖੀ। ਇਹ ਕਵਿਤਾਵਾਂ ਲੋਕ ਗੀਤਾਂ ਉਤੇ ਰਚੀਆਂ ਜਾਣ ਕਰਕੇ ਬਹੁਤ ਸਾਦੀਆਂ ਹਨ।

**ਸੁਲਤਾਨ ਬਾਹੂ ਲਿਖਦੇ ਹਨ:**

ਦਿਲ ਦਰਿਆ ਸਮੁੰਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ ਹੂ।

ਬੁੱਲ੍ਹੇ ਸ਼ਾਹ ਲਿਖਦੇ ਹਨ:

ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ।

3) ਸੂਫ਼ੀ ਕਾਵਿ ਧਾਰਾ ਵਿੱਚ ਬਿੰਬ ਪ੍ਰਵਿਰਤੀ:-

ਸੂਫ਼ੀ ਕਾਵਿ ਧਾਰਾ ਕਈ ਪ੍ਰਕਾਰ ਦੇ ਬਿੰਬਾਂ ਦੀ ਵੀ ਵਰਤੋਂ ਕੀਤੀ ਗਈ ਹੈ। ਕਿਹਾ ਜਾਂਦਾ ਹੈ ਕਿ ਬਿੰਬ ਕਵਿਤਾ ਦੀ ਜਿੰਦ ਜਾਨ ਹੁੰਦੇ ਹਨ। ਸ਼ਬਦਾਂ ਦੁਆਰਾ ਚਿਤਰੇ ਗਏ ਬਿੰਬ ਹੀ ਚਿੱਤਰ ਬਿੰਬ ਕਹਿੰਦੇ ਹਨ।
ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ,

ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤੱਕ ਅਤੇ ਵਸਤੂ ਤੋਂ ਲੈ ਕੇ ਰੂਪ ਤੱਕ ਪਸਰਿਆ ਹੁੰਦਾ ਹੈ।"

ਦ੍ਰਿਸ਼ ਬਿੰਬ: ਇਸ ਬਿੰਬ ਦਾ ਸੰਬੰਧ ਅੱਖਾਂ/ ਨੇਤਰਾਂ ਨਾਲ ਹੈ। ਫਰੀਦ ਜੀ ਜੀਵਾਤਮਾ ਨੂੰ ਸੰਸਾਰ ਦੀ ਨਾਸ਼ਮਾਨਤਾ ਸੰਬੰਧੀ ਸਮਝਾਉਣ ਲਈ ਦ੍ਰਿਸ਼ ਬਿੰਬ ਦੀ ਵਰਤੋਂ ਕਰਦੇ ਹਨ:

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥

ਰਸ ਬਿੰਬ: ਇਸ ਬਿੰਬ ਦਾ ਸੰਬੰਧ ਜੀਭ ਨਾਲ ਹੁੰਦਾ ਹੈ। ਬੁੱਲ੍ਹੇ ਸ਼ਾਹ ਨੇ ਕਾਫ਼ੀ ਨੰ. 84 ਵਿਚ ਇਸ ਰਸ ਦੀ ਖੁੱਲ੍ਹੀ ਵਰਤੋਂ ਕੀਤੀ ਹੈ, ਜਿਵੇਂ:

ਗੁੜ ਦੇ ਲੱਡੂ ਗੁੱਸੇ ਹੋ ਕੇ ਪੰਜੀਰਿਆ ਤੇ ਫੀਰਨੀਆਂ।
ਬਰਫ਼ੀ ਨੂੰ ਕੋਈ ਦਾਨ ਚਨੇ ਦੀ ਤੂੰ ਹੈਂ ਸੰਗੀ ਬਾਂਦੀ।

ਨਾਦ ਬਿੰਬ: ਇਸ ਬਿੰਬ ਦਾ ਸੰਬੰਧ ਕੰਨਾਂ/ਅਵਾਜ਼ ਨਾਲ ਹੈ। ਮਨੁੱਖੀ ਬਿਰਤੀ ਹੈ, ਮਨੁੱਖ ਕੁਝ ਗੱਲਾਂ ਵੇਖ ਕੇ ਸਿੱਖਦਾ/ਸਮਝਦਾ ਹੈ ਅਤੇ ਕੁਝ ਗੱਲਾਂ ਸੁਣਨ ਤੋਂ ਬਾਅਦ ਸਿੱਖਦਾ/ਸਮਝਦਾ ਹੈ। ਬਾਹੂ ਲਿਖਦੇ ਹਨ:

> ਅਮਲਾਂ ਅੰਦਰ ਕਲਮਾ ਕਲਕਲ ਕਰਦਾ,
> ਇਸ਼ਕ ਸਿਖਾਇਆ ਕਲਮਾ ਹੂ! ॥

ਜਾਂ ਫਰੀਦ ਜੀ ਫਰਮਾਉਂਦੇ ਹਨ:

> ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜਿਆਲੁ॥
> ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਹਾਲੁ॥

ਸਪਰਸ਼ ਬਿੰਬ:

4) ਅਲੰਕਾਰ: ਅਲੰਕਾਰ ਨੂੰ ਕਿਸੇ ਵੀ ਕਾਵਿ ਰਚਨਾ ਦਾ 'ਗਹਿਣਾ' ਕਿਹਾ ਜਾਂਦਾ ਹੈ। ਜਿਵੇਂ: ਇਕ ਇਸਤਰੀ ਆਪਣੇ ਆਪ ਨੂੰ ਸਜਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਣਦੀ ਹੈ ਅਤੇ ਹਾਰ ਸ਼ਿੰਗਾਰ ਕਰਦੀ ਹੈ ਉਸੇ ਤਰ੍ਹਾਂ ਕਵੀ ਵੀ ਆਪਣੀ ਰਚਨਾ ਨੂੰ ਸਜਾਉਣ ਲਈ ਕਈ ਤਰ੍ਹਾਂ ਦੇ ਅਲੰਕਾਰ ਰੂਪੀ ਗਹਿਣਿਆਂ ਦੀ ਵਰਤੋਂ ਕਰਦਾ ਹੈ।

ਡਾ. ਸਤਿੰਦਰ ਦਾ ਵਿਚਾਰ ਹੈ:

> "ਅਲੰਕਾਰ ਅਜਿਹੀ ਸਹਾਇਕ ਜੁਗਤ ਹੈ, ਜਿਸ ਨਾਲ ਕਵਿਤਾ ਦੀ ਖੂਬਸੂਰਤੀ ਵਿਚ ਵਾਧਾ ਹੁੰਦਾ ਹੈ। ਇਹ ਸੁੰਦਰ ਰੂਪੀ ਗਹਿਣੇ ਹਨ ਜੋ ਕਵਿਤਾ ਨੂੰ ਸਜਾਉਣ ਅਤੇ ਇਸਦਾ ਪ੍ਰਭਾਵ ਵਧਾਉਣ ਦਾ ਕੰਮ ਕਰਦੇ ਹਨ।"

- **ਰੂਪਕ ਅਲੰਕਾਰ:** ਇਸ ਅਲੰਕਾਰ ਰਾਹੀ ਦੋ ਵਸਤਾਂ ਵਿਚ ਸਮਾਨਤਾ ਦਰਸਾਈ ਜਾਂਦੀ ਹੈ।

ਫਰੀਦ ਜੀ ਅਨੁਸਾਰ:

> ਫਰੀਦਾ ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁੱਖ।
> ਜਿਨਾ ਖਾਧੀ ਚੋਪੜੀ, ਘਣੇ ਸਹਿਣਗੇ ਦੁਖ।

- **ਅਨੁਪ੍ਰਾਸ ਅਲੰਕਾਰ:** ਇਸ ਅਲੰਕਾਰ ਦੀ ਉਥੇ ਵਰਤੋਂ ਹੁੰਦੀ ਹੈ ਜਿਥੇ ਸ਼ਬਦਾਂ/ਅੱਖਰਾਂ ਦਾ ਦੁਹਰਾਓ ਹੁੰਦਾ ਹੈ। ਅੱਖਰੀ ਦੁਹਰਾਓ ਕਾਰਨ ਸੰਗੀਤਕ ਸੁਰ ਪੈਦਾ ਹੁੰਦੀ ਹੈ।

ਸ਼ਾਹ ਹੁਸੈਨ ਅਨੁਸਾਰ:

> ਬੁਰੀਆਂ ਬੁਰੀਆਂ ਬੁਰੀਆਂ ਵੇ
> ਅਸੀ ਆਂ ਬੁਰੀਆਂ ਵੇ ਲੋਕਾ।

ਬੁੱਲ੍ਹੇ ਸ਼ਾਹ ਅਨੁਸਾਰ:

> ਬਸ ਕਰ ਜੀ ਹੁਣ ਬਸ ਕਰ ਜੀ।
> ਇਕ ਬਾਤ ਅਸਾਂ ਨਾਲ ਹੱਸ ਕਰ ਜੀ।

- **ਉਪਮਾ ਅਲੰਕਾਰ:** ਜਦੋਂ ਦੋ ਵਸਤਾਂ ਵਿਚ ਸਾਂਝ ਦਰਸਾਉਣ ਲਈ ਤੁਲਨਾ ਕੀਤੀ ਜਾਂਦੀ ਹੈ ਤਾਂ ਉਪਮਾ ਅਲੰਕਾਰ ਦੀ ਵਰਤੋਂ ਹੁੰਦੀ ਹੈ।

ਫਰੀਦ ਜੀ ਲਿਖਦੇ ਹਨ:

> ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ
> ਜਿਉ ਦਰੀਆਵੈ ਢਾਹਾ।

5) **ਪ੍ਰਤੀਕ:** ਸੂਫ਼ੀ ਕਾਵਿ ਵਿਚ ਕਈ ਤਰ੍ਹਾਂ ਦੇ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰਤੀਕ ਦੁਆਰਾ ਵਾਸਤਵਿਕ ਸੱਚ ਜਾਂ ਤੱਥ ਦੇ ਪਿੱਛੇ ਛੁਪੇ ਗੁਣ ਦੀ ਸੰਕੇਤ ਦੁਆਰਾ ਹੀ ਅਭਿਵਿਅਕਤੀ ਕੀਤੀ ਜਾਂਦੀ ਹੈ।

ਇਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ ਅਨੁਸਾਰ,

> ਪ੍ਰਤੀਕ ਇਕ ਅਜਿਹੀ ਅਦ੍ਰਿਸ਼ ਵਸਤੂ
> ਨੂੰ ਕਹਿੰਦੇ ਹਨ ਜਿਹੜੀ ਕਿਸੇ ਵਸਤੂ
> ਦੀ ਸਮਾਨਤਾ ਨੂੰ ਮਨ ਵਿੱਚ ਬਿੰਬ-
> ਰੂਪ ਵਿੱਚ ਅੰਕਿਤ ਨਾ ਕਰਕੇ ਕੇਵਲ
> ਸੰਬੰਧ ਭਾਵਨਾ ਤੇ ਨਿਰਭਰ ਅਨੁਭੂਤੀ
> ਦੇ ਦੁਆਲੇ ਪੇਸ਼ ਕੀਤੀ ਜਾਂਦੀ ਹੈ!

ਸੂਫੀ ਕਵੀਆਂ ਨੇ ਆਪਣੀ ਸੂਫੀ ਵਿਚਾਰਧਾਰਾ ਵਿੱਚ ਪੂਣੀ, ਚਰਖਾ, ਤੰਦ, ਚਾਕ, ਤ੍ਰਿੰਞਣ, ਪੇਕੇ, ਸਹੁਰੇ ਪਿੱਪਲ, ਕਸਾਈ, ਸੰਦਲਾਂ, ਨਵੇਂ ਭਾਂਡਾ ਘੜਿਆਸ, ਦਧ, ਖੰਡ, ਸ਼ੱਕਰ, ਮਾਝਾ ਦੁਧ, ਹੀਰ ਰਾਂਝਾ, ਕਾਂ, ਹੰਸ, ਬਗਲਾ ਆਦਿ ਪ੍ਰਤੀਕ ਨੂੰ ਪ੍ਰਗਟਾਇਆ ਹੈ।

ਫਰੀਦ ਜੀ ਨੇ ਜੀਵਾਤਮਾ/ਜੀਵਰੂਪੀ ਇਸਤਰੀ ਲਈ 'ਪਤਨੀ' ਪ੍ਰਤੀਕ ਅਤੇ ਪ੍ਰਭੂ-ਪ੍ਰੀਤਮ ਲਈ 'ਪਤੀ' ਪ੍ਰਤੀਕ ਵਰਤਿਆ ਹੈ।

ਸ਼ਾਹ ਹੁਸੈਨ ਦੀਆਂ ਕਾਫੀਆਂ ਵਿਚ ਤੁੰਬਣ, ਵੇਲਣ, ਪਿੰਞਣ, ਕੱਤਣ ਆਦਿ ਕਈ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ।
ਜਿਵੇਂ:

> ਕਤਣ ਸਿੱਖ ਨੀ ਵਸੱਲੀਏ ਕੁੜੀਏ ਜੇ ਚੜ੍ਹਿਆ ਲੋੜੇਂ ਪਾਰ
> ਤੰਦੀ ਟੁੱਟੀ, ਅਟੇਰਨ ਭੈੜਾ, ਚਰਖੇ ਦੀ ਕਰ ਕਾਰੀ।

ਬੁੱਲ੍ਹੇ ਸ਼ਾਹ ਨੇ ਹੀਰ-ਰਾਂਝਾ, ਸੋਹਣੀ-ਮਹੀਂਵਾਲ, ਤ੍ਰਿੰਞਣ, ਚਰਖਾ, ਸਹੁਰੇ ਪੇਕੇ, ਖਾਕ, ਮੁਕਲਾਵਾ ਆਦਿ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ।
ਜਿਵੇਂ:

> ਖਾਕੀ ਖ਼ਾਕ ਸੌਂ ਰਲ ਜਾਇ,
> ਕੁਝ ਨਹੀਂ ਜ਼ੋਰ ਪਿਰਾਣਾ।

ਜਾਂ

> ਚਿੜੀਆਂ ਮੌਤ ਗਵਾਰਾਂ ਦਾ ਹਸਾ!

6) **ਰਸ :** ਭਾਰਤੀ ਕਾਵਿ ਵਿਚ ਰਸ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਰਸ ਨੂੰ 'ਕਾਵਿ ਦੀ ਆਤਮਾ' ਮੰਨਿਆ ਜਾਂਦਾ ਹੈ। ਰਸ ਦੁਆਰਾ ਪਾਠਕ ਦੀ ਸੁਹਜ ਤ੍ਰਿਪਤੀ ਹੁੰਦੀ ਹੈ। ਸੂਫੀਆ ਨੇ ਆਪਣੀਆਂ ਕਵਿਤਾਵਾਂ ਵਿਚ ਕਈ ਰਸਾ ਦੀ ਵਰਤੋਂ ਕੀਤੀ ਹੈ।

**ਸ਼ਾਂਤ ਰਸ:**

ਫਰੀਦਾ ਮੈਂ ਜਾਣਿਆ ਦੁਖੁ ਮੁਝ ਕੂ,
ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ, ਤਾਂ ਘਰਿ
ਘਰਿ ਏਹਾ ਅਗਿ॥

**ਸ਼ਿੰਗਾਰ ਰਸ :**

ਸੱਜਣ ਦੇ ਹੱਥ ਬਾਂਹ ਅਸਾਡੀ
ਕਿਉਂ ਕਰ ਆਖਾਂ ਛੋੜ ਵੇ ਅੜਿਆ॥
ਸੱਜਣ ਦੇ ਗਲ ਬਾਂਹ ਅਸਾਡੀ
ਕਿਉਂ ਕਰ ਆਖਾਂ ਛੱਡ ਵੇ ਅੜਿਆ

**ਕਰੁਣਾ ਰਸ :**

ਬਹੁੜੀ ਵੇ ਤਬੀਬਾ ਮੈਂਡੀ ਜਿੰਦ ਗਈਆ।
ਤੇਰੇ ਇਸ਼ਕ ਨਚਾਇਆ, ਕਰ ਥਈਆਂ ਥਈਆ,

7. **ਪ੍ਰਕਿਰਤੀ ਚਿਤਰਨ :** ਬੁੱਲ੍ਹੇ ਸ਼ਾਹ, ਫਰੀਦ ਜੀ, ਸ਼ਾਹ ਹੁਸੈਨ ਤੇ ਹੋਰ ਸਭ ਕਵੀਆਂ ਨੇ ਆਪਣੀ ਰਚਨਾਂ ਵਿਚ ਪ੍ਰਕਿਰਤੀ ਦਾ ਚਿਤਰਣ ਵੀ ਕੀਤਾ ਹੈ। **ਫਰੀਦ ਜੀ ਅਨੁਸਾਰ,**

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ
ਕਿਆ ਢੂਢੇਹਿ॥

8. **ਹਵਾਲੇ :** ਸੂਫੀ ਕਵੀਆਂ ਦੀਆਂ ਰਚਨਾਵਾਂ ਵਿਚੋਂ ਕਈ ਇਤਿਹਾਸਿਕ, ਮਿਥਿਹਾਸਿਕ ਹਵਾਲੇ ਵੀ ਮਿਲਦੇ ਹਨ ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿਚ ਕ੍ਰਿਸ਼ਨ, ਰਾਵਣ ਲੰਕਾ,

ਲੈਲਾ ਮਜਨੂੰ, ਯੂਸਫ਼ ਜ਼ੁਲੈਖਾ ਦੇ ਹਵਾਲੇ ਦਿੱਤੇ ਹਨ।
ਜਿਵੇਂ:-

‖ਕਦੂੰ ਮਜਨੂੰ ਹੋ ਕਦੂੰ ਲੈਲੀ ਹੋ‖
(ਬੁਲ੍ਹੇ ਸ਼ਾਹ)

‖ਕੋਈ ਸ਼ਾਮ ਬ੍ਰਿੰਦਾਬਨ ਸਖੀਆ,
ਕਾਬਾ ਕਿਧਰੇ ਗਏ!‖
(ਸ਼ਾਹ ਹੁਸੈਨ)

(9) <u>ਭਾਸ਼ਾ ਤੇ ਸ਼ੈਲੀ:</u> ਪੰਜਾਬੀ ਸੂਫ਼ੀ ਕਵੀ ਇਸਲਾਮੀ ਵਿਚਾਰਧਾਰਾ ਦੇ ਅਨੁਯਾਈ ਹੋਣ ਕਾਰਨ ਪੰਜਾਬੀ ਸੂਫ਼ੀ ਕਾਵਿ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਹੋਣਾ ਸੁਭਾਇਕ ਹੈ। ਪਰ ਪੰਜਾਬੀ ਸੂਫ਼ੀ ਕਵੀਆਂ ਦੀ ਵਿਸ਼ੇਸ਼ਤਾ ਹੈ ਕਿ ਉਹ ਕੇਵਲ ਅਰਬੀ-ਫ਼ਾਰਸੀ ਸ਼ਬਦਾਵਲੀ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਸਥਾਨਕ ਸ਼ਬਦਾਵਲੀ ਮੁਲਤਾਨੀ, ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਆਦਿ ਨੂੰ ਵਰਤ ਕੇ ਸੂਫ਼ੀ ਕਾਵਿ ਨੂੰ ਸਰਬ ਸਾਂਝੇ ਕਾਵਿ ਦਾ ਰੂਪ ਦਿੰਦੇ ਹਨ।

<u>ਮੁਲਤਾਨੀ ਸ਼ਬਦਾਵਲੀ:</u> ਦਿਹਾੜੇ, ਸਜਨ, ਹਿਆਉ, ਲੋੜੀ, ਭਉ ਆਦਿ ਮੁਲਤਾਨੀ ਸ਼ਬਦਾਵਲੀ ਦੀ ਵਰਤੋਂ ਸੂਫ਼ੀ ਕਵਿਤਾ ਵਿਚ ਕੀਤੀ ਹੈ। ਫਰੀਦ ਜੀ ਅਨੁਸਾਰ:

‖ਜਿਤ ਦਿਹਾੜੇ ਧਨ ਵਰੀ, ਸਾਹੇ ਲਏ ਲਿਖਾਇ ॥‖

<u>ਗੁਰਮਤਿ ਸ਼ਬਦਾਵਲੀ:</u> ਸ਼ਾਹ ਹੁਸੈਨ ਦੀ ਭਾਸ਼ਾ ਜਾਂ ਰਚਨਾ ਵਿਚ ਗੁਰਮਤਿ ਸ਼ਬਦਾਵਲੀ ਦੀ ਝਲਕ ਮਿਲਦੀ ਹੈ। ਜਿਵੇਂ: ਸਜਣ, ਸਤਿਗੁਰ, ਸਤੁ ਪਿਤਾ, ਸੰਜੋਗ, ਪ੍ਰੇਮ, ਪਿਆਸਾ, ਵਿਸਰੇ ਆਦਿ।